ਨੈਨੀ/ਕੇਅਰਗਿਵਰ ਵੀਜ਼ਾ ਅਰਜ਼ੀਆਂ
7,500 Positions
416-848-3930

Electrtic Brush or Teeth Whitening
FREE ਮੁਫ਼ਤ
905-458-3344
With Teeth Cleaning & New Patient Exam

Line of Credit
Fix Bad Credit
Get OSAP Loan
905-965-4644

ਮਰਦਾਨਾ ਕਮਜ਼ੋਰੀ
416-992-5489

ਵਕੀਲ ਦੀ ਲੋੜ ?
905-362-0755

ਬੈੱਡ ਬਗਜ਼ (ਖਟਮਲ) ਖ਼ਤਮ
647-688-3944

ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ
647-829-2454

ਸਸਤੀਆਂ ਹਵਾਈ ਟਿਕਟਾਂ
905-595-1700

ਰੂਹ ਦੀ ਖੁਰਾਕ

ਕੰਵਰ ਸੰਦੀਪ ਸਿੰਘ
email:sunnyb@gmail.com
Cell: 1-416-992-5489

ਇਨਸਾਨ ਬਣਨ ਲਈ ਮੇਰੀ ਜੱਦੋਜਹਿਦ !

ਤੁਸੀਂ ਖ਼ੁਦ ਨੂੰ ਬਹੁਤ ਜ਼ਿਆਦਾ ਵੰਡੀਆਂ ਹੋਈਆਂ ਵਫ਼ਾਦਾਰੀਆਂ ਪਾਲਣ ਦੀ ਇਜਾਜ਼ਤ ਨਹੀਂ ਦੇ ਸਕਦੇ। ਇਹ ਓਦੋਂ ਬਹੁਤ ਜ਼ਿਆਦਾ ਬੋਝਲ ਹੋ ਜਾਂਦਾ ਹੈ ਜਦੋਂ ਇੱਕ ਚੀਜ਼ ਨੂੰ ਦੂਜੀ ਦੀ ਰੱਖਿਆ ਲਈ ਕੁਰਬਾਨ ਕਰਨਾ ਪੈਂਦੈ। ਹਰ ਹਾਲਤ 'ਚ ਕੋਈ ਵਿਚਕਾਰਲਾ ਰਸਤਾ ਲੱਭੋ ਕਿਉਂਕਿ ਸ਼ਾਇਦ ਸਮਝੌਤਾ ਸੰਭਵ ਹੋਵੇ। ਜੇ ਤੁਹਾਨੂੰ ਲੱਗੇ ਕਿ ਉਹ ਸੰਭਵ ਹੈ ਤਾਂ ਤੁਸੀਂ ਜਸ਼ਨ ਮਨਾ ਸਕਦੇ ਹੋ। ਨਹੀਂ ਤਾਂ, ਇੱਕ ਸਖ਼ਤ ਚੋਣ ਕਰਨ ਦਾ ਇੱਕੋ ਇੱਕ ਤਰੀਕਾ ਹੈ ਉਸ ਸਥਿਤੀ ਬਾਰੇ ਦੁਖੀ ਹੋਣ ਦੀ ਬਜਾਏ ਆਪਣੀ ਚੋਣ ਕਰ ਲੈਣਾ। ਇੱਕ ਮਜ਼ਬੂਤ ਬ੍ਰਹਿਮੰਡੀ ਸੁਝਾਅ ਹੈ ਕਿ, ਕਿਸੇ ਨਾ ਕਿਸੇ ਤਰ੍ਹਾਂ, ਸਾਰੀਆਂ ਸਬੰਧਤ ਧਿਰਾਂ ਲਈ ਹਾਲਾਤ ਅਨੁਕੂਲ ਹੋ ਜਾਣਗੇ ਬਸ਼ਰਤੇ ਤੁਸੀਂ ਆਪਣੀ ਪੂਰੀ ਵਾਹ ਲਗਾ ਦਿਓ।

ਇਹ ਦੁਨੀਆਂ, ਲਗਦੈ, ਅਜਿਹੇ ਲੋਕਾਂ ਨਾਲ ਭਰੀ ਪਈ ਹੈ ਜੋ ਹਮੇਸ਼ਾ ਸਾਡੇ ਤੋਂ ਕੁੱਝ ਨਾ ਕੁੱਝ ਚਾਹੁੰਦੇ ਹਨ। ਸ਼ਾਇਦ ਉਹ ਸਿਰਫ਼ ਚਾਹੁੰਦੇ ਹੋਣ ਕਿ ਅਸੀਂ ਉਨ੍ਹਾਂ ਤੋਂ ਕੋਈ ਉਤਪਾਦ ਖ਼ਰੀਦੀਏ, ਉਨ੍ਹਾਂ ਦੀ ਕਿਸੇ ਸੇਵਾ ਦੀ ਵਰਤੋਂ ਕਰੀਏ ਜਾਂ ਉਨ੍ਹਾਂ ਦੇ ਕਿਸੇ ਕਾਜ਼ ਦਾ ਸਮਰਥਨ ਕਰੀਏ, ਪਰ ਉਹ ਇਹ ਮਹਿਸੂਸ ਕਰਨ ਲਈ ਉਤਸੁਕ ਹੁੰਦੇ ਹਨ ਕਿ ਉਨ੍ਹਾਂ ਨੇ ਸਾਨੂੰ ਆਪਣੇ ਪਾਸੇ ਕਰ ਲਿਆ ਹੈ, ਅਤੇ ਉਹ ਸਾਡੀ ਵਫ਼ਾਦਾਰੀ 'ਤੇ ਭਰੋਸਾ ਕਰ ਸਕਦੇ ਨੇ। ਸਮਾਜਕ ਅਤੇ ਭਾਵਨਾਤਮਕ ਖੇਤਰਾਂ 'ਚ ਵੀ ਇਹੋ ਸਿਧਾਂਤ ਲਾਗੂ ਹੁੰਦੈ। ਤੁਸੀਂ ਓਨ੍ਹਾਂ ਜ਼ਰੂਰਤਾਂ, ਉਮੀਦਾਂ ਅਤੇ ਇੱਛਾਵਾਂ ਤੋਂ ਚੰਗੀ ਤਰ੍ਹਾਂ ਜਾਣੂ ਹੋ ਜਿਹੜੀਆਂ ਤੁਹਾਨੂੰ ਆਪਣੀ ਵਿੱਤੋਂ ਵੱਧ ਕੋਸ਼ਿਸ਼ ਕਰਨ ਦੀ ਮੰਗ ਕਰਦੀਆਂ ਹਨ। ਜੇਕਰ ਅਜਿਹਾ ਕਰਨਾ ਤੁਹਾਡੇ ਲਈ ਸੱਚਮੁੱਚ ਢੁਕਵਾਂ ਹੈ ਤਾਂ ਨਿਰਸੰਦੇਹ ਕਰੋ। ਪਰ ਯਾਦ ਰੱਖੋ, ਤੁਸੀਂ ਓਨੇ ਮਜਬੂਰ ਨਹੀਂ ਜਿੰਨਾ ਤੁਸੀਂ ਸੋਚਦੇ ਹੋ।

ਸਾਨੂੰ ਅਕਸਰ ਵਿਸ਼ਵਾਸ ਰੱਖਣ ਲਈ ਕਿਹਾ ਜਾਂਦੈ। ਪਰ ਵਿਸ਼ਵਾਸ ਇੱਕ ਅਜਿਹੀ ਵਸਤੂ ਜਾਪਦੀ ਹੈ ਜਿਸ ਦੀ ਸਪਲਾਈ ਬਹੁਤ ਹੀ ਘੱਟ ਹੈ। ਲੋਕ ਉਸ ਨੂੰ ਜਮ੍ਹਾ ਕਰ ਕੇ ਰੱਖਦੇ ਹਨ, ਇਸ ਡਰੋਂ ਕਿ ਉਸ ਦੀ ਦੇਸ਼ ਵਿਆਪੀ ਕਮੀ ਵੀ ਹੋ ਸਕਦੀ ਹੈ। ਅਤੇ ਜਦੋਂ ਤਕ ਤੁਹਾਡੇ ਅਤੇ ਮੇਰੇ ਵਰਗੇ ਲੋਕ ਉਸ ਨੂੰ ਲੱਭਣ ਲਈ ਨਿਕਲਦੇ ਹਨ, ਕੁਝ ਵੀ ਬਚਿਆ ਨਹੀਂ ਹੁੰਦਾ। ਪਰ ਮਜ਼ੇ ਦੀ ਗੱਲ ਇਹ ਹੈ ਕਿ ਅਸਲ 'ਚ ਉਸ ਨੂੰ ਜਮ੍ਹਾ ਕਰ ਕੇ ਰੱਖਣ ਦਾ ਕੋਈ ਫ਼ਾਇਦਾ ਨਹੀਂ। ਕਿਉਂਕਿ ਵਿਸ਼ਵਾਸ ਦੀ, ਦਹੀਂ ਵਾਂਗ ਹੀ, ਬਹੁਤ ਛੋਟੀ ਸ਼ੈੱਲਫ਼-ਲਾਈਫ਼ ਹੁੰਦੀ ਹੈ। ਜੇਕਰ ਤੁਸੀਂ ਉਸ ਨੂੰ ਜਲਦੀ ਨਾਲ ਨਹੀਂ ਵਰਤਦੇ ਤਾਂ ਉਹ ਖ਼ਤਮ ਹੋ ਜਾਂਦੈ। ਖ਼ੁਸ਼ੀ ਦੀ ਗੱਲ, ਪਰ, ਇਹ ਹੈ ਕਿ ਵਿਸ਼ਵਾਸ ਥੋੜ੍ਹਾ ਜਿਹਾ ਮੁਸੀਬਤ ਵਰਗਾ ਵੀ ਹੁੰਦੈ। ਜਿੰਨਾ ਜ਼ਿਆਦਾ ਉਹ ਤੁਹਾਡੇ ਕੋਲ ਹੋਵੇ, ਓਨਾ ਹੀ ਜ਼ਿਆਦਾ ਤੁਸੀਂ ਉਸ ਨੂੰ ਆਪਣੇ ਵੱਲ ਆਕਰਸ਼ਿਤ ਕਰਦੇ ਹੋ। ਜੇਕਰ ਇਸ ਵਕਤ ਤੁਸੀਂ ਆਪਣੇ ਦਿਲ 'ਚ ਥੋੜ੍ਹਾ ਜਿੰਨਾ ਵੀ ਵਿਸ਼ਵਾਸ ਲੱਭ ਸਕੋ ਤਾਂ ਜਲਦੀ ਹੀ ਤੁਹਾਡੇ ਕੋਲ ਬਹੁਤ ਸਾਰਾ ਹੋਵੇਗਾ।

ਗਾਜਰ ਦੇ ਬਹੁਤ ਸਾਰੇ ਉਪਯੋਗ ਹਨ। ਸਲਾਦ ਬਣਾਉਣਾ, ਸਟੱਰ-ਫ੍ਰਾਈ ਕਰਨਾ, ਕੇਕਾਂ ਜਾਂ ਜੂਸਾਂ 'ਚ ਵਰਤਣਾ, ਆਦਿ। ਜੇ ਦਲੀਲ ਨਾਲ ਗੱਲ ਕਰੀਏ ਤਾਂ ਇਹ ਸ਼ਾਇਦ ਆਲੂ ਨਾਲੋਂ ਵੀ ਜ਼ਿਆਦਾ ਬਹੁਪੱਖੀ ਸਬਜ਼ੀ ਹੈ। ਤੁਸੀਂ ਆਲੂ ਦਾ ਜੂਸ ਨਹੀਂ ਕੱਢ ਸਕਦੇ। ਅਤੇ ਸਲਾਦ 'ਚ ਵੀ ਇਹ ਸਿਰਫ਼ ਤਾਂ ਹੀ ਵਰਤਿਆ ਜਾ ਸਕਦੈ ਜੇ ਤੁਸੀਂ ਪਹਿਲਾਂ ਉਸ ਨੂੰ ਉਬਾਲ ਲਵੋ। ਹਾਂ ... ਸੱਚ, ਮੈਨੂੰ ਪਤੈ ਕਿ ਤੁਸੀਂ ਕਿਸੇ ਅਜਿਹੀ ਸ਼ੈਅ ਬਾਰੇ ਪੜ੍ਹਨਾ ਚਾਹੁੰਦੇ ਹੋ ਜਿਹੜੀ ਤੁਹਾਡੀ ਨਿੱਜੀ ਜ਼ਿੰਦਗੀ ਦੀ ਕਹਾਣੀ ਨਾਲ ਘੱਟੋ ਘੱਟ ਥੋੜ੍ਹੀ ਜਿੰਨੀ ਤਾਂ ਮੇਲ ਖਾਂਦੀ ਹੋਵੇ, ਨਾ ਕਿ ਕਿਸੇ ਵਿਅੰਜਨ ਨਾਲ। ਪਰ ਇਸ ਗੱਲ ਦਾ ਇੱਕ ਕਾਰਨ ਹੈ ਕਿ ਮੈਂ ਇਹ ਸਭ ਕਿਓਂ ਕਹਿ ਰਿਹਾਂ। ਤੁਸੀਂ ਇੱਕ ਅਜਿਹੀ ਸਥਿਤੀ ਨੂੰ ਦੇਖ ਰਹੇ ਹੋ ਜੋ ਸਥਿਰ ਅਤੇ ਅੰਤਿਮ ਜਾਪ ਰਹੀ ਹੈ। ਪਰ ਤੁਸੀਂ ਸਾਰੇ ਸੰਭਵ ਵਿਕਲਪਾਂ ਨੂੰ ਧਿਆਨ 'ਚ ਨਹੀਂ ਰੱਖ ਰਹੇ। ਬਦਲਾਅ ਅਤੇ ਕਾਢ ਲਈ ਹਮੇਸ਼ਾ ਤੁਹਾਡੀ ਸੋਚ ਨਾਲੋਂ ਕਿਤੇ ਵੱਧ ਗੁੰਜਾਇਸ਼ ਹੁੰਦੀ ਹੈ।

ਤੁਹਾਡੀ ਜ਼ਿੰਦਗੀ 'ਚ, ਅੱਜ ਤੁਹਾਡੀ ਬਾਕੀ ਦੀ ਜ਼ਿੰਦਗੀ ਦਾ ਪਹਿਲਾ ਦਿਨ ਹੈ। ਨਹੀਂ, ਸੱਚਮੁੱਚ। ਹਾਂ, ਮੈਂ ਜਾਣਦਾਂ ਕਿ ਕੱਲ੍ਹ ਵੀ ਸੀ ਅਤੇ, ਬੇਸ਼ੱਕ, ਅਸੀਂ ਆਉਣ ਵਾਲੇ ਕੱਲ੍ਹ ਬਾਰੇ ਵੀ ਇਹੋ ਕਹਿ ਸਕਾਂਗੇ। ਪਰ, ਇਨ੍ਹਾਂ 'ਚੋਂ ਕੋਈ ਵੀ ਕਥਨ ਮੇਰੇ ਥੀਸਿਸ ਨੂੰ ਅਯੋਗ ਨਹੀਂ ਕਰਦਾ। ਕੱਲ੍ਹ ਦੇ ਆਪਣੀ ਬਾਕੀ ਦੀ ਜ਼ਿੰਦਗੀ ਦੇ ਪਹਿਲੇ ਦਿਨ ਦੌਰਾਨ, ਜੇਕਰ ਤੁਹਾਨੂੰ ਲੋੜ ਹੋਵੇ ਤਾਂ ਤੁਸੀਂ ਵੱਖੋ-ਵੱਖਰੇ ਫ਼ੈਸਲੇ ਲੈ ਸਕਦੇ ਹੋ, ਪਰ ਇਹ ਇੱਕ ਅਜਿਹਾ ਪੁਲ ਹੈ ਜਿਸ ਨੂੰ ਤੁਸੀਂ ਓਦੋਂ ਹੀ ਪਾਰ ਕਰ ਸਕਦੇ ਹੋ ਜਦੋਂ ਤੁਸੀਂ ਉਸ 'ਤੇ ਅੱਪੜੋ। ਤੁਸੀਂ ਉਸ ਤਕ ਕਿਵੇਂ ਅਤੇ ਕਦੋਂ ਪਹੁੰਚਦੇ ਹੋ ਇਹ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਤੁਸੀਂ ਅੱਜ ਦੇ ਆਪਣੀ ਬਾਕੀ ਦੀ ਜ਼ਿੰਦਗੀ ਦੇ ਪਹਿਲੇ ਦਿਨ ਦੌਰਾਨ ਕੀ ਕਰਦੇ ਹੋ। ਇਸ ਲਈ ਬਹਾਦਰ ਬਣੋ ਅਤੇ ਚੇਤੇ ਰੱਖੋ ਕਿ ਅੱਜ ਤੁਹਾਡੀ ਬਾਕੀ ਦੀ ...

ਤੇਲ ਟੈਂਕਰ ਦੀ ਜ਼ਬਤੀ 'ਤੇ ਭੜਕਿਆ Putin

ਮੌਸਕੋ: ਉੱਤਰੀ ਅਟਲੈਂਟਿਕ ਸਮੁੰਦਰ 'ਚ ਵੇਨੇਜ਼ੂਏਲਾ ਤੋਂ ਆ ਰਹੇ ਰੂਸੀ ਤੇਲ ਟੈਂਕਰ ਮਾਰੀਨੇਰਾ 'ਤੇ ਅਮਰੀਕੀ ਫ਼ੌਜ ਵਲੋਂ ਕਬਜ਼ਾ ਕੀਤੇ ਜਾਣ ਤੋਂ ਬਾਅਦ ਰੂਸ ਅਤੇ ਅਮਰੀਕਾ ਵਿਚਾਲੇ ਜੰਗ ਵਰਗੀ ਸਥਿਤੀ ਪੈਦਾ ਹੋ ਗਈ ਹੈ। ਮੌਸਕੋ ਨੇ ਅਮਰੀਕਾ ਦੀ ਇਸ ਕਾਰਵਾਈ ਨੂੰ ਖੁੱਲ੍ਹੇ ਸਮੁੰਦਰ 'ਚ ਕੀਤੀ ਗਈ ਸਮੁੰਦਰੀ ਡਕੈਤੀ ਕਰਾਰ ਦਿੱਤਾ ਹੈ, ਅਤੇ ਅਮਰੀਕਾ 'ਤੇ ਅੰਤਰਰਾਸ਼ਟਰੀ ਕਾਨੂੰਨਾਂ ਦੀ ਉਲੰਘਣਾ ਕਰਨ ਦੇ ਗੰਭੀਰ ਦੋਸ਼ ਲਗਾਏ ਹਨ।

ਅੰਤਰਰਾਸ਼ਟਰੀ ਕਾਨੂੰਨਾਂ ਦੀ ਉਲੰਘਣਾ ਦਾ ਦੋਸ਼: ਰੂਸੀ ਵਿਦੇਸ਼ ਮੰਤਰਾਲੇ ਅਤੇ ਰੂਸੀ ਸੰਸਦ ਦੇ ਸੀਨੀਅਰ ਨੇਤਾ ਐਂਡਰੀ ਕਲਿਸ਼ਾਸ ਨੇ ਇਸ ਔਪਰੇਸ਼ਨ ਦੀ ਸਖ਼ਤ ਨਿੰਦਾ ਕੀਤੀ ਹੈ। ਰੂਸੀ ਪਰਿਵਹਨ ਮੰਤਰਾਲੇ ਅਨੁਸਾਰ ਅਮਰੀਕੀ ਫ਼ੌਜਾਂ ਦੇ ਜਹਾਜ਼ 'ਤੇ ਚੜ੍ਹਨ ਤੋਂ ਬਾਅਦ ਉਨ੍ਹਾਂ ਦਾ ਮਾਰੀਨੇਰਾ ਨਾਲੋਂ ਸੰਪਰਕ ਟੁੱਟ ਗਿਆ ਹੈ। ਰੂਸ ਦਾ ਦਾਅਵਾ ਹੈ ਕਿ 1982 ਦੇ ਸੰਯੁਕਤ ਰਾਸ਼ਟਰ ਸਮੁੰਦਰੀ ਕਾਨੂੰਨ (**UNCLOS**) ਤਹਿਤ ਕਿਸੇ ਵੀ ਦੇਸ਼ ਨੂੰ ਦੂਜੇ ਦੇਸ਼ ਦੇ ਰਜਿਸਟਰਡ ਜਹਾਜ਼ ਵਿਰੁੱਧ ਬਲ ਪ੍ਰਯੋਗ ਕਰਨ ਦਾ ਅਧਿਕਾਰ ਨਹੀਂ। ਰੂਸ ਨੇ ਮੰਗ ਕੀਤੀ ਹੈ ਕਿ ਟੈਂਕਰ 'ਤੇ ਮੌਜੂਦ ਰੂਸੀ ਨਾਗਰਿਕਾਂ ਨਾਲ ਮਾਨਵਤਾਵਾਦੀ ਵਿਵਹਾਰ ਕੀਤਾ ਜਾਵੇ, ਅਤੇ ਉਨ੍ਹਾਂ ਦੀ ਜਲਦ ਵਾਪਸੀ ਯਕੀਨੀ ਬਣਾਈ ਜਾਵੇ।

ਰੂਸੀ ਜੰਗੀ ਜਹਾਜ਼ਾਂ ਦੀ ਮੌਜੂਦਗੀ 'ਚ ਹੋਈ ਕਾਰਵਾਈ: ਹੈਰਾਨੀ ਦੀ ਗੱਲ ਇਹ ਹੈ ਕਿ ਇਹ ਕਾਰਵਾਈ ਓਦੋਂ ਹੋਈ ਜਦੋਂ ਆਈਸਲੈਂਡ ਦੇ ਨੇੜੇ ਸਮੁੰਦਰ 'ਚ ਰੂਸੀ ਨੌਸੈਨਾ ਦੀ ਇੱਕ ਪਣਡੁੱਬੀ ਅਤੇ ਕਈ ਜੰਗੀ ਜਹਾਜ਼ ਤਾਇਨਾਤ ਸਨ। ਅਮਰੀਕੀ



ਅਧਿਕਾਰੀਆਂ ਅਨੁਸਾਰ, ਇਸ ਰੂਸੀ ਟੈਂਕਰ ਨੂੰ ਫ਼ੜਨ ਲਈ ਹਫ਼ਤਿਆਂ ਤੱਕ ਇਸ ਦਾ ਪਿੱਛਾ ਕੀਤਾ ਗਿਆ ਸੀ। ਟੈਂਕਰ ਨੇ ਪਹਿਲਾਂ ਵੀ ਅਮਰੀਕੀ ਨਾਕਾਬੰਦੀ ਨੂੰ ਚਕਮਾ ਦਿੱਤਾ ਸੀ, ਅਤੇ ਪਛਾਣ ਛਿਪਾਉਣ ਲਈ ਆਪਣਾ ਝੰਡਾ ਅਤੇ ਰੈਜਿਸਟ੍ਰੇਸ਼ਨ ਤਕ ਬਦਲ ਦਿੱਤੀ ਸੀ।

UK ਨੇ ਨਿਭਾਈ ਅਹਿਮ ਭੂਮਿਕਾ: ਇਸ ਚੁਣੌਤੀਪੂਰਣ ਮਿਸ਼ਨ ਨੂੰ ਅਮਰੀਕੀ ਕੋਸਟ ਗਾਰਡ ਅਤੇ ਅਮਰੀਕੀ ਫ਼ੌਜ ਨੇ ਸਾਂਝੇ ਤੌਰ 'ਤੇ ਅੰਜਾਮ ਦਿੱਤਾ, ਜਿਸ 'ਚ ਬ੍ਰਿਟੇਨ ਨੇ ਲੌਂਚਪੈਡ ਵਜੋਂ ਵੱਡੀ ਮਦਦ ਕੀਤੀ। ਟੈਂਕਰ 'ਤੇ ਕਬਜ਼ਾ ਕਰਨ ਲਈ ਬ੍ਰਿਟਿਸ਼ ਹਵਾਈ ਅੱਡਿਆਂ ਦੀ ਵਰਤੋਂ ਕੀਤੀ ਗਈ ਅਤੇ ਰੌਇਲ ਏਅਰ ਫ਼ੋਰਸ (**RAF**) ਦੇ ਜਹਾਜ਼ਾਂ ਨੇ ਲਗਾਤਾਰ ਟੈਂਕਰ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖ ਕੇ ਅਮਰੀਕੀ ਫ਼ੌਜ ਨੂੰ ਸਟੀਕ ਜਾਣਕਾਰੀ ਦਿੱਤੀ।

ਰੂਸ ਦੀ ਚੇਤਾਵਨੀ: ਰੂਸੀ ਨੇਤਾਵਾਂ ਨੇ ਚੇਤਾਵਨੀ ਦਿੱਤੀ ਹੈ ਕਿ ਅਮਰੀਕਾ ਅੰਤਰਰਾਸ਼ਟਰੀ ਕਾਨੂੰਨਾਂ ਨੂੰ ਰੋਂਦ ਰਿਹਾ ਹੈ ਅਤੇ ਅਜਿਹੀਆਂ ਕਾਰਵਾਈਆਂ ਵਿਸ਼ਵ ਸਮੁੰਦਰੀ ਸੁਰੱਖਿਆ ਲਈ ਖ਼ਤਰਨਾਕ ਮਿਸਾਲ ਬਣ ਸਕਦੀਆਂ ਹਨ। ਇਹ ਘਟਨਾ ਟਰੰਪ ਪ੍ਰਸ਼ਾਸਨ ਅਤੇ ਰੂਸ ਵਿਚਾਲੇ ਵਧਦੇ ਤਨਾਅ ਨੂੰ ਹੋਰ ਹਵਾ ਦੇ ਸਕਦੀ ਹੈ।

UK ਪੱਜੇ US ਫ਼ੌਜ ਦੇ ਜਹਾਜ਼

ਲੰਡਨ: ਕਈ ਵੱਡੇ ਅਮਰੀਕੀ ਮਿਲਟਰੀ ਏਅਰਕ੍ਰਾਫ਼ਟ ਅਚਾਨਕ ਇੰਗਲੈਂਡ 'ਚ ਆਉਣ ਲੱਗੇ ਹਨ ਜਿਸ ਨਾਲ ਕਈ ਤਰ੍ਹਾਂ ਦੀਆਂ ਅਟਕਲਾਂ ਲਾਈਆਂ ਜਾ ਰਹੀਆਂ ਹਨ। ਫ਼ਲਾਈਟ ਟ੍ਰੈਕਿੰਗ ਡੇਟਾ ਅਤੇ ਪਲੇਨ ਸਪੋਟਰਸ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਗਲੌਸੈੱਸਟਰਸ਼ਾਇਰ 'ਚ ਬ੍ਰਿਟੇਨ ਫ਼ੌਜ ਦੇ ਏਅਰਪੋਰਟ ਫ਼ੇਅਰਫ਼ੋਰਡ 'ਚ **10 C-17** ਗਲੋਬਮਾਸਟਰ ਲੈਂਡ ਹੋਏ ਹਨ। ਇਸ ਤੋਂ ਵੀ ਜ਼ਿਆਦਾ ਦਿਲਚਸਪ ਗੱਲ ਇਹ ਸੀ ਕਿ ਸਫ਼ੋਕ 'ਚ ਬ੍ਰਿਟੇਨ ਫ਼ੌਜ ਦੇ ਏਅਰਪੋਰਟ ਮਿਲਡੈਨਹਾਲ 'ਚ ਦੋ **AC-130 J** ਘੋਸਟਰਾਈਡਰ ਗਨਸ਼ਿਪ ਉਤਰਦੇ ਦੇਖੇ ਗਏ। ਘੋਸਟਰਾਈਡਰਜ਼ 'ਚ **30 mm Bushmaster** ਤੋਪ, **105 mm** ਹੌਵਿਤਜ਼ਰ ਅਤੇ ਹੈੱਲਫ਼ਾਇਰ ਮਿਜ਼ਾਈਲਾਂ ਲੱਗੀਆਂ ਹੁੰਦੀਆਂ ਹਨ, ਅਤੇ ਇਹ ਅੱਗ ਦਾ ਵਿਨਾਸ਼ਕਾਰੀ ਮੀਂਹ ਵਰ੍ਹਾ ਸਕਦੇ ਹਨ।

ਇਨ੍ਹਾਂ ਉਡਾਣਾਂ 'ਚ ਇੰਨੀ ਦਿਲਚਸਪੀ ਇਸ ਲਈ ਪੈਦਾ ਹੋਈ ਕਿਉਂਕਿ ਫ਼ਲਾਈਟ ਡੇਟਾ ਤੋਂ ਪਤਾ ਲੱਗਾ ਹੈ ਕਿ ਇਨ੍ਹਾਂ 'ਚੋਂ ਘੱਟੋ-ਘੱਟ ਕੁੱਝ ਏਅਰਕ੍ਰਾਫ਼ਟ ਕੈਂਟਕੀ 'ਚ ਫ਼ੋਰਟ ਕੈਂਪਬੈਲ ਵਰਗੇ ਅਮਰੀਕੀ ਬੇਸ ਤੋਂ ਰਵਾਨਾ ਹੋਏ ਸਨ। ਇੰਗਲੈਂਡ 'ਚ ਉਤਰਨ ਵਾਲੀ ਟੁਕੜੀ 'ਚ ਅਮਰੀਕੀ ਫ਼ੌਜ ਦੀ 160ਵੀਂ ਸਪੈਸ਼ਲ ਔਪ੍ਰੇਸ਼ਨਜ਼ ਏਵੀਏਸ਼ਨ ਰੈਜੀਮੈਂਟ ਹੈ, ਜਿਸ ਨੂੰ ਨਾਈਟ ਸਟੌਕਰ ਦੇ ਨਾਂ ਨਾਲ ਬਿਹਤਰ ਜਾਣਿਆ ਜਾਂਦਾ ਹੈ। 160ਵੀਂ ਯੂਨਿਟ ਕਈ ਤਰ੍ਹਾਂ ਦੇ ਸਪੈਸ਼ਲ ਫ਼ੋਰਸਿਜ਼ ਹੈਲੀਕੌਪਟਰ ਔਪਰੇਟ ਕਰਦੀ ਹੈ ਅਤੇ ਡੈਲਟਾ ਫ਼ੋਰਸ ਵਰਗੀਆਂ ਯੂਨਿਟਾਂ ਨੂੰ ਰਾਤ ਦੀ ਲੜਾਈ 'ਚ ਲੈ ਕੇ ਜਾਣ 'ਚ ਮਾਹਿਰ ਹੈ।

ਕਿਮ ਜੋਂਗ ਵਲੋਂ ਤੀਜੇ ਵਿਸ਼ਵ ਯੁੱਧ ਦੀ ਚਿਤਾਵਨੀ

ਨਿਊ ਯੌਰਕ: ਅਮਰੀਕਾ ਵਲੋਂ ਵੈਨੇਜ਼ੂਏਲਾ ਦੇ ਰਾਸ਼ਟਰਪਤੀ ਨਿਕੋਲਸ ਮਦੂਰੋ ਤੇ ਉਨ੍ਹਾਂ ਦੀ ਪਤਨੀ ਸਿਲਿਆ ਫ਼ਲੋਰੇਜ਼ ਨੂੰ ਹਿਰਾਸਤ 'ਚ ਲਏ ਜਾਣ ਤੋਂ ਬਾਅਦ ਦੁਨੀਆਂ ਭਰ 'ਚ ਹਲਚਲ ਤੇਜ਼ ਹੋ ਗਈ ਹੈ। ਹੁਣ ਇਸ ਲੜਾਈ 'ਚ ਉੱਤਰੀ ਕੋਰੀਆ ਦੇ ਤਾਨਾਸ਼ਾਹ ਕਿਮ ਜੋਂਗ ਉਨ ਨੇ ਵੀ ਐਂਟਰੀ ਕਰ ਲਈ ਹੈ। ਕਿਮ ਨੇ ਮਦੂਰੋ ਨੂੰ ਆਪਣਾ ਇੱਕ ਖ਼ਾਸ ਦੋਸਤ ਦੱਸਦਿਆਂ ਅਮਰੀਕਾ ਨੂੰ ਤੀਜੇ ਵਿਸ਼ਵ ਯੁੱਧ ਦੀ ਚਿਤਾਵਨੀ ਦਿੱਤੀ ਹੈ।

ਉੱਤਰੀ ਕੋਰੀਆ ਦੇ ਸੁਪਰੀਮ ਲੀਡਰ ਕਿਮ ਜੋਂਗ ਉਨ ਨੇ ਡੌਨਲਡ ਟਰੰਪ ਅਤੇ ਅਮਰੀਕੀ ਲੀਡਰਸ਼ਿਪ ਨੂੰ ਸਖ਼ਤ ਲਹਿਜੇ 'ਚ ਕਿਹਾ ਹੈ ਕਿ ਮਦੂਰੋ ਵਿਰੁੱਧ ਇਹ ਕਾਰਵਾਈ ਦੁਨੀਆਂ ਨੂੰ ਤੀਜੇ ਵਿਸ਼ਵ ਯੁੱਧ ਵੱਲ ਲੈ ਜਾ ਸਕਦੀ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਅਮਰੀਕਾ ਤੁਰੰਤ ਮਦੂਰੋ ਦੀ ਮੌਜੂਦਾ ਸਥਿਤੀ ਨੂੰ ਜਨਤਕ ਕਰੇ ਤੇ ਉਨ੍ਹਾਂ ਨੂੰ ਬਿਨਾਂ ਕਿਸੇ ਦੇਰੀ ਦੇ ਰਿਹਾਅ

ਕਰੇ। ਕਿਮ ਅਨੁਸਾਰ ਇਹ ਦਮਨਕਾਰੀ ਕਦਮ ਗੰਭੀਰ ਅੰਤਰਰਾਸ਼ਟਰੀ ਨਤੀਜੇ ਪੈਦਾ ਕਰ ਸਕਦਾ ਹੈ।

ਦੂਜੇ ਪਾਸੇ ਰੂਸ ਨੇ ਵੀ ਅਮਰੀਕਾ ਦੀ ਇਸ ਕਾਰਵਾਈ ਨੂੰ ਸਸ਼ਸਤਰ ਹਮਲਾ ਕਰਾਰ ਦਿੱਤਾ ਹੈ। ਰੂਸੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਅਮਰੀਕਾ ਦੇ ਤਰਕ ਪੂਰੀ ਤਰ੍ਹਾਂ ਬੇਬੁਨਿਆਦ ਹਨ ਅਤੇ ਇਹ ਸਿਰਫ਼ ਵੈਚਾਰਿਕ ਦੁਸ਼ਮਣੀ ਤੋਂ ਪ੍ਰੇਰਿਤ ਹਨ। ਰੂਸ ਨੇ ਸਾਰੇ ਪੱਖਾਂ ਨੂੰ ਗੱਲਬਾਤ ਰਾਹੀਂ ਮਸਲੇ ਦਾ ਹੱਲ ਕੱਢਣ ਦੀ ਅਪੀਲ ਕੀਤੀ ਹੈ।ਅਮਰੀਕੀ ਅਟਰਨੀ ਜਨਰਲ ਪੈਮ ਬੋਂਡੀ ਨੇ ਜਾਣਕਾਰੀ ਦਿੱਤੀ ਹੈ ਕਿ ਨਿਕੋਲਸ ਮਦੂਰੋ ਅਤੇ ਉਨ੍ਹਾਂ ਦੀ ਪਤਨੀ 'ਤੇ ਨਿਊ ਯੌਰਕ ਦੀ ਅਦਾਲਤ 'ਚ ਕਈ ਗੰਭੀਰ ਇਲਜ਼ਾਮ ਤੈਅ ਕੀਤੇ ਗਏ ਹਨ। ਇਨ੍ਹਾਂ 'ਚ ਨਾਰਕੋ-ਟੈਰਰਿਜ਼ਮ ਦੀ ਸਾਜ਼ਿਸ਼, ਕੋਕੇਨ ਦੀ ਤਸਕਰੀ, ਮਸ਼ੀਨਗਨਾਂ ਅਤੇ ਖ਼ਤਰਨਾਕ ਹਥਿਆਰ ਰੱਖਣ ਦੇ ਨਾਲ-ਨਾਲ ਅਮਰੀਕਾ ਵਿਰੁੱਧ ਸਾਜ਼ਿਸ਼ ਰਚਣ ਵਰਗੇ ਦੋਸ਼ ਸ਼ਾਮਿਲ ਹਨ। ਇਹ ਕਾਰਵਾਈ ਓਦੋਂ ਹੋਈ ਜਦੋਂ ਅਮਰੀਕਾ ਨੇ ਕਾਰਾਕਾਸ 'ਚ ਏਅਰਸਟ੍ਰਾਈਕ ਕੀਤੀ ਸੀ।

ਦੰਦਾਂ ਦੀ ਸਫ਼ਾਈ
FREE ਮੁਫ਼ਤ
905-458-3344
With CDCP

ਜਾਦੂ ਟੂਣੇ ਦੀ ਕਾਟ
1-604-961-6635

ਦੰਦਾਂ ਦੀ ਦੇਖਭਾਲ
905-450-5600

ਸਸਤੀਆਂ ਹਵਾਈ ਟਿਕਟਾਂ
24/7 SERVICE
905-456-9977

ਲ